# ਵਰਜਿਨਿਟੀ

ਮੂਲ ਲੇਖਕ : ਨੀਨਾ ਅੰਦੋਤ੍ਰਾ ਪਠਾਨੀਆ *
ਅਨੁ : ਪ੍ਰੋ. ਨਵ ਸੰਗੀਤ ਸਿੰਘ **

ਅਗਸਤ ਦੀ ਸ਼ਾਮ ਢਲ ਰਹੀ ਸੀ ਤੇ ਬਰਸਾਤ ਪੂਰੇ ਜ਼ੋਰ ਨਾਲ ਪੈ ਰਹੀ ਸੀ। ਸ਼ਾਮ ਦੇ ਚਾਰ ਵੱਜ ਰਹੇ ਸਨ। ਵਿਮਲਾ ਆਪਣੇ ਪਤੀ ਪ੍ਰਮੋਦ ਲਾਲ ਨਾਲ ਅਜੇ ਵੀ ਘਰ ਦੀ ਸਾਫ਼-ਸਫ਼ਾਈ ਵਿਚ ਰੁੱਝੀ ਹੋਈ ਸੀ। ਚਿਹਰੇ ਤੇ ਤਣਾਅ ਸਾਫ਼ ਝਲਕ ਰਿਹਾ ਸੀ।

ਬੱਤੀ-ਸਾਲਾ ਬੇਟੀ ਸ਼ਿਆਮਲੀ ਦੀ ਸ਼ਾਦੀ ਦੀ ਚਿੰਤਾ ਅੱਜਕੱਲ੍ਹ ਵਕਤ-ਬੇਵਕਤ ਵਿਮਲਾ ਨੂੰ ਘੇਰੀ ਰੱਖਦੀ ਸੀ।

"ਮਾਂ, ਪਹਿਲਾਂ ਚਾਹ ਪੀ ਲਈਏ, ਬਾਕੀ ਕੰਮ ਮਿਲ ਕੇ ਕਰ ਲੈਂਦੇ ਹਾਂ।" ਚਾਹ ਦੇ ਚਾਰ ਕੱਪਾਂ ਦੀ ਟ੍ਰੇਅ ਮੇਜ਼ ਤੇ ਰੱਖਦਿਆਂ ਰੋਮਾ ਦੇ ਹੱਥ ਦੀਆਂ ਲਾਲ ਚੂੜੀਆਂ ਛਣਕ ਰਹੀਆਂ ਸਨ। ਰੋਮਾ, ਵਿਮਲਾ ਦੀ ਬਹੂ, ਜੋ ਕੁਝ ਮਹੀਨੇ ਪਹਿਲਾਂ ਹੀ ਸ਼ਾਦੀ ਕਰ ਕੇ ਇਸ ਘਰ ਵਿੱਚ ਆਈ ਸੀ।

ਰੋਮਾ ਦੀ ਆਵਾਜ਼ ਸੁਣਦਿਆਂ ਹੀ ਪ੍ਰਮੋਦ ਲਾਲ, ਹਾਲ ਵਿਚ ਪਈ ਕੁਰਸੀ ਤੇ ਆ ਕੇ ਬਹਿ ਗਿਆ। "ਸ਼ਿਆਮਲੀ ਦੀ ਮਾਂ, ਆ ਜਾ ਹੁਣ, ਪਹਿਲਾਂ ਚਾਹ ਪੀ ਲੈ। ਰੋਮਾ ਨੇ ਬਹੁਤ ਵਧੀਆ ਚਾਹ ਬਣਾਈ ਹੈ।" ਬਿਸਕੁਟ ਨੂੰ ਚਾਹ ਵਿਚ ਡੁਬੋਂਦਿਆਂ ਪ੍ਰਮੋਦ ਲਾਲ ਨੇ ਕਿਹਾ। ਸ਼ਾਮ ਦੀ ਚਾਹ ਵਿਮਲਾ, ਪ੍ਰਮੋਦ ਲਾਲ, ਬੇਟਾ ਮੋਕਸ਼ ਅਤੇ ਬਹੂ ਰੋਮਾ ਇਕੱਠੇ ਪੀਂਦੇ ਸਨ।

"ਮਾਂ, ਸ਼ਿਆਮਲੀ ਨਹੀਂ ਆਈ ਅਜੇ ਤਕ?" ਮੋਕਸ਼ ਨੇ ਚਾਹ ਦਾ ਕੱਪ ਫੜਦਿਆਂ ਵਿਮਲਾ ਤੋਂ ਪੁੱਛਿਆ।

"ਇਸ ਕੁੜੀ ਦਾ ਕਿਹੜਾ ਟਾਇਮ ਹੈ? ਸਕੂਲੋਂ ਆ ਕੇ ਸਾਇਮਾ ਦੇ ਘਰੇ ਚਲੀ ਗਈ ਹੋਵੇਗੀ।" ਵਿਮਲਾ ਨੇ ਪ੍ਰੇਸ਼ਾਨੀ ਨਾਲ ਕਿਹਾ।

"ਓ ਬਈ, ਆ ਜਾਏਗੀ। ਕਿਉਂ ਪ੍ਰੇਸ਼ਾਨ ਹੁੰਦੀ ਹੈਂ?"

"ਪਰਸੋਂ ਮੁੰਡੇ ਵਾਲੇ ਆ ਰਹੇ ਨੇ ਅਤੇ ਇਸ ਕੁੜੀ ਨੂੰ ਘੁੰਮਣ- ਫਿਰਨ ਤੋਂ ਹੀ ਵਿਹਲ ਨਹੀਂ ਹੈ। ਸ਼ਾਦੀ ਦੀ ਉਮਰ ਲੰਘੀ ਜਾ ਰਹੀ ਹੈ, ਪਰ ਹਰਕਤਾਂ ਬੱਚਿਆਂ ਵਾਲੀਆਂ ਨੇ ਅਜੇ ਤਕ।"

"ਸਭ ਕੁਝ ਸਿੱਖ ਜਾਵੇਗੀ ਸਮੇਂ ਨਾਲ। ਤੂੰ ਵੀ ਤਾਂ ਸ਼ਾਦੀ ਤੋਂ ਪਿੱਛੋਂ ਹੀ ਸਭ ਕੁਝ ਸਿੱਖਿਆ ਸੀ।" ਪ੍ਰਮੋਦ ਲਾਲ ਨੇ ਸ਼ਰਾਰਤੀ ਹਾਸੇ ਨਾਲ ਵਿਮਲਾ ਨੂੰ ਛੇੜਦੇ ਹੋਏ ਕਿਹਾ ਅਤੇ ਜੇਬ 'ਚੋਂ ਮੋਬਾਇਲ ਕੱਢ ਕੇ ਬੇਟੀ ਸ਼ਿਆਮਲੀ ਦਾ ਨੰਬਰ ਮਿਲਾਇਆ। "ਮੋਬਾਈਲ ਰਿੰਗ ਤਾਂ ਜਾ ਰਹੀ ਹੈ..." ਅਜੇ ਪ੍ਰਮੋਦ ਲਾਲ ਬੋਲ ਹੀ ਰਿਹਾ ਸੀ ਕਿ ਸ਼ਿਆਮਲੀ ਦੇ ਸਕੂਟਰ ਦੀ ਆਵਾਜ਼ ਨਾਲ ਸਾਰੇ ਇੱਕ-ਦੂਜੇ ਨੂੰ ਅੱਖਾਂ ਨਾਲ ਕਹਿਣ



* ਮੇਲ:-6neena@gmail.com

** ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ। ਮੋ. +91 94176-92015

ਲੱਗੇ ਕਿ ਸ਼ਿਆਮਲੀ ਆ ਗਈ ਹੈ।

ਬਾਰਿਸ਼ ਤੇਜ਼ ਹੋ ਗਈ ਸੀ। ਦਿਨ ਅਜੇ ਡੁੱਬਿਆ ਨਹੀਂ ਸੀ, ਪਰ ਕਾਲੇ ਬੱਦਲਾਂ ਨੇ ਸੂਰਜ ਨੂੰ ਢਕ ਲਿਆ ਸੀ ਅਤੇ ਹਲਕਾ- ਹਲਕਾ ਹਨੇਰਾ ਵੀ ਦਸਤਕ ਦੇਣ ਲੱਗ ਪਿਆ ਸੀ।"ਦੋ ਵਜੇ ਤੈਨੂੰ ਛੁੱਟੀ ਹੋ ਜਾਂਦੀ ਹੈ ਅਤੇ ਤੂੰ ਹੁਣ ਆ ਰਹੀ ਹੈਂ!" ਅੰਦਰ ਆਉਂਦਿਆਂ ਹੀ ਵਿਮਲਾ ਨੇ ਆਪਣਾ ਗੁੱਸਾ ਵਿਖਾਉਂਦਿਆਂ ਕਿਹਾ।

"ਓ ਮਾਂ, ਸਾਇਮਾ ਦੇ ਪਿਤਾ ਦੀ ਤਬੀਅਤ ਖ਼ਰਾਬ ਹੋ ਗਈ ਸੀ, ਉੱਥੇ ਹੀ ਵੇਖਣ ਚਲੀ ਗਈ ਸਾਂ।" ਪਲੇਟ 'ਚੋਂ ਬਿਸਕੁਟ ਚੁੱਕਦਿਆਂ ਸ਼ਿਆਮਲੀ ਬੋਲੀ। ਸ਼ਿਆਮਲੀ ਬੋਲਦੀ ਹੋਈ ਆਪਣੇ ਕਮਰੇ ਵੱਲ ਚਲੀ ਗਈ। ਉਹਦੇ ਸੈਂਡਲਾਂ ਦੀ ਟਕ-ਟਕ ਦੀ ਆਵਾਜ਼ ਤੇਜ਼ ਸੀ, ਜਿਸ ਤੋਂ ਸਾਫ ਪਤਾ ਲੱਗਦਾ ਸੀ ਕਿ ਮਾਂ ਦਾ ਇਉਂ ਟੋਕਣਾ ਉਹਨੂੰ ਕਿੰਨਾ ਬੁਰਾ ਲੱਗਦਾ ਹੈ! ਬਾਕੀ ਸਭ ਦੇ ਚਿਹਰਿਆਂ ਤੇ ਹਮੇਸ਼ਾ ਵਾਂਗ ਹਾਸਾ ਸੀ। ਜਦ ਵੀ ਮਾਂ-ਧੀ ਦੀ ਆਪਸ ਵਿੱਚ ਹਲਕੀ-ਫੁਲਕੀ ਬਹਿਸ ਹੁੰਦੀ ਤਾਂ ਸਾਰੇ ਸ਼ਾਂਤ ਰਹਿੰਦੇ। ਸਾਰੇ ਜਾਣਦੇ ਸਨ ਕਿ ਦੋਵੇਂ ਕੁਝ ਚਿਰ ਦੀ ਬਹਿਸ ਪਿੱਛੋਂ ਇਕ-ਦੂਜੀ ਦੀਆਂ ਚਹੇਤੀਆਂ ਹੋ ਜਾਣਗੀਆਂ। ਕੁਝ ਹੀ ਦੇਰ ਵਿਚ ਸ਼ਿਆਮਲੀ ਅਸਮਾਨੀ ਨੀਲੇ ਰੰਗ ਦੀ ਸਲਵਾਰ ਕਮੀਜ਼ ਤੇ ਸਫ਼ੈਦ ਚੁੰਨੀ ਨਾਲ ਹੱਥ ਵਿੱਚ ਪੋਚਾ ਲੈ ਕੇ ਆ ਗਈ।

"ਅੱਜ ਘਰ ਦੀ ਸਫ਼ਾਈ ਕੁਝ ਜ਼ਿਆਦਾ ਹੀ ਹੋਈ ਹੈ...।" ਸ਼ਿਆਮਲੀ ਨੇ ਪੋਚਾ ਲਾਉਂਦਿਆਂ ਘਰ ਦੇ ਬਦਲੇ ਪਰਦਿਆਂ ਅਤੇ ਬੈੱਡਸ਼ੀਟ ਵੱਲ ਇਸ਼ਾਰਾ ਕਰਦਿਆਂ ਕਿਹਾ।

"ਪਰਸੋਂ ਮੇਰੇ ਜੀਜਾ ਜੀ ਆ ਰਹੇ ਨੇ। ਇਸ ਵਾਰ ਕਿਤੇ ਤੇਰੀ ਗੱਲ ਬਣ ਜਾਏ ਤਾਂ ਅਸੀਂ ਤੈਨੂੰ ਇਸ ਘਰ 'ਚੋਂ ਕੱਢੀਏ।" ਮੋਕਸ਼ ਅਕਸਰ ਸ਼ਾਦੀ ਦੇ ਨਾਂ ਤੇ ਸ਼ਿਆਮਲੀ ਨੂੰ ਚਿੜਾਉਂਦਾ ਸੀ। ਇਸ ਲਈ ਉਹਨੇ ਅੱਜ ਵੀ ਆਪਣੇ ਹੱਥੋਂ ਮੌਕਾ ਨਾ ਜਾਣ ਦਿੱਤਾ।

"ਵਾਹ ਬਈ ਵਾਹ, ਕੌਣ ਹੈ ਉਹ ਖੁਸ਼ਨਸੀਬ! ਜੋ ਤੇਰਾ ਜੀਜਾ ਬਣਨ ਦੇ ਸੁਪਨੇ ਵੇਖ ਰਿਹੈ...।"

"ਆ ਰਿਹੈ ਪਰਸੋਂ, ਮਿਲ ਲਵੀਂ। ਸਭ ਤੋਂ ਵੱਡੀ ਗੱਲ, ਤੁਹਾਡੀ ਦੋਵਾਂ ਦੀ ਕੁੰਡਲੀ ਮੈਚ ਹੋ ਗਈ ਹੈ...।"

"ਕੁੰਡਲੀ ਦਾ ਹੀ ਮੈਚ ਹੋਣਾ ਜ਼ਰੂਰੀ ਹੈ। ਉਹ ਮੇਰੇ ਨਾਲ ਮੈਚ ਹੋਵੇ ਜਾਂ ਨਾ ਹੋਵੇ।" ਮੂੰਹ ਵਿੱਚ ਬੋਲਦੀ ਸ਼ਿਆਮਲੀ ਰਸੋਈ ਵਿੱਚ ਚਲੀ ਗਈ।

ਧੀ ਦੇ ਪਿੱਛੇ-ਪਿੱਛੇ ਵਿਮਲਾ ਵੀ ਚਲੀ ਗਈ।

ਚਾਰ ਸਾਲ ਤੋਂ ਸੈਕੰਡਰੀ ਸਕੂਲ ਵਿੱਚ ਅਧਿਆਪਕਾ ਲੱਗੀ ਸ਼ਿਆਮਲੀ ਮੋਕਸ਼ ਤੋਂ ਦੋ ਸਾਲ ਵੱਡੀ ਸੀ। ਪਰ ਕਿਤੇ ਵੀ ਉਹਦੀ ਕੁੰਡਲੀ ਨਹੀਂ ਮਿਲਦੀ ਸੀ। ਇਸ ਲਈ ਅਕਸਰ ਸ਼ਾਦੀ ਦੀ ਗੱਲ ਬਣਦੀ-ਬਣਦੀ ਰਹਿ ਜਾਂਦੀ। ਮੋਕਸ਼ ਦੀ ਸ਼ਾਦੀ ਸ਼ਿਆਮਲੀ ਨੇ ਹੀ ਆਪਣੇ ਮਾਤਾ-ਪਿਤਾ ਤੇ ਜ਼ੋਰ ਪਾ ਕੇ ਇਸ ਸਾਲ ਕਰਵਾਈ ਸੀ।

ਮੋਕਸ਼ ਰੋਮਾ ਨੂੰ ਪਸੰਦ ਕਰਦਾ ਹੈ ਅਤੇ ਰੋਮਾ ਦੇ ਘਰ ਦੇ ਰੋਮਾ ਲਈ ਕਿਤੇ ਹੋਰ ਲੜਕਾ ਵੇਖ ਰਹੇ ਹਨ। ਇਹ ਗੱਲ ਜਦੋਂ ਸ਼ਿਆਮਲੀ ਨੂੰ ਪਤਾ ਲੱਗੀ ਸੀ ਤਾਂ ਸ਼ਿਆਮਲੀ ਆਪ ਹੀ ਰੋਮਾ ਦੇ ਮਾਤਾ-ਪਿਤਾ ਨਾਲ ਸ਼ਾਦੀ ਦੀ ਗੱਲ ਕਰਨ ਚਲੀ ਗਈ ਸੀ।

"ਮੋਕਸ਼ ਚੰਗਾ ਮੁੰਡਾ ਹੈ ਪਰ ਸ਼ਾਦੀ ਲਈ ਅਸੀਂ ਇੰਨੀ ਉਡੀਕ ਨਹੀਂ ਕਰ ਸਕਦੇ...।" ਰੋਮਾ ਦੀ ਮਾਂ ਨੇ ਸ਼ਿਆਮਲੀ ਨੂੰ ਝਿਜਕਦੇ ਹੋਏ ਕਿਹਾ ਸੀ। ਸ਼ਿਆਮਲੀ ਉਨ੍ਹਾਂ ਦੇ ਇਸ਼ਾਰੇ ਨੂੰ ਸਮਝ ਗਈ ਸੀ। ਸ਼ਿਆਮਲੀ ਕਦੇ ਨਹੀਂ ਸੀ ਚਾਹੁੰਦੀ ਕਿ ਉਹ ਆਪਣੇ ਭਰਾ ਦੇ ਪ੍ਰੇਮ ਦੇ ਅਸਫ਼ਲ ਹੋਣ ਦਾ ਇੱਕ ਕਾਰਨ ਬਣੇ। ਇਸ ਲਈ ਉਸ ਨੇ ਆਪਣੇ ਮਾਤਾ-ਪਿਤਾ ਨੂੰ ਦੁਨੀਆਂ ਭਰ ਦੀਆਂ ਦਲੀਲਾਂ ਦੇ ਕੇ ਭਰਾ ਦੀ ਸ਼ਾਦੀ ਕਰਵਾ ਦਿੱਤੀ ਸੀ। ਇਸ ਸ਼ਾਦੀ ਤੋਂ ਮੋਕਸ਼ ਅਤੇ ਰੋਮਾ ਜਿੰਨੇ ਖੁਸ਼ ਸਨ, ਉਸ ਤੋਂ ਜ਼ਿਆਦਾ ਸ਼ਿਆਮਲੀ ਖ਼ੁਸ਼ ਸੀ। ਕਈ ਵਾਰ ਖ਼ੁਸ਼ੀ ਅਕਾਰਨ ਹੁੰਦੀ ਹੈ ਅਤੇ ਬਹੁਤ ਜ਼ਿਆਦਾ ਹੁੰਦੀ ਹੈ, ਜਦ ਦੋ ਲੋਕਾਂ ਨੂੰ ਮਿਲਾਇਆ ਜਾਂਦਾ ਹੈ, ਉਮਰ ਭਰ ਲਈ। ਸ਼ਿਆਮਲੀ ਵੀ ਖ਼ੁਸ਼ ਸੀ, ਪਿਆਰ-ਭਰੇ ਦੋ ਦਿਲ ਜੋੜ ਕੇ।

"ਸ਼ਿਆਮਲੀ, ਪਰਸੋਂ ਮੁੰਡੇ ਵਾਲੇ ਆ ਰਹੇ ਨੇ। ਚੰਗਾ ਪਰਿਵਾਰ ਹੈ ਅਤੇ ਤੇਰੀ ਕੁੰਡਲੀ ਵੀ ਮਿਲ ਗਈ ਹੈ ਉਥੇ।"

"ਠੀਕ ਹੈ ਮਾਂ, ਜੋ ਤੁਹਾਨੂੰ ਸਭ ਨੂੰ ਠੀਕ ਲੱਗੇ।"

"ਮੁੰਡੇ ਦੀ ਫੋਟੋ ਵੀ ਵ੍ਹੱਟਸਐਪ ਤੇ ਮੰਗਵਾ ਲਈ ਸੀ ਮੈਂ।" ਕੋਲ ਖੜ੍ਹੀ ਰੋਮਾ ਦੇ ਫ਼ੋਨ ਵੱਲ ਵਿਮਲਾ ਦੇਵੀ ਨੇ ਇਸ਼ਾਰਾ ਕਰਦਿਆਂ ਕਿਹਾ। ਰੋਮਾ ਨੇ ਫੋਨ ਦੀ ਗੈਲਰੀ ਓਪਨ ਕੀਤੀ ਅਤੇ ਫ਼ੋਨ ਸ਼ਿਆਮਲੀ ਨੂੰ ਦੇ ਕੇ ਨੇੜੇ ਖੜ੍ਹੀ ਹੋ ਗਈ।

"ਰੋਮਾ, ਮੈਂ ਜ਼ਿਆਦਾ ਸੋਹਣੀ ਹਾਂ ਨਾ, ਇਸ ਕੱਦੂ ਤੋਂ..." ਸ਼ਿਆਮਲੀ ਦੇ ਇਸ ਵਾਕ ਨੂੰ ਸੁਣਦੇ ਹੀ ਰੋਮਾ ਦਾ ਹਾਸਾ ਨਿਕਲ ਗਿਆ। ਕੋਲ ਖੜ੍ਹੀ ਮਾਂ ਵੀ ਆਪਣਾ ਹਾਸਾ ਨਾ ਰੋਕ ਸਕੀ। ਸਮਝ ਗਈ ਕਿ ਬੇਟੀ ਮਜ਼ਾਕ ਦੇ ਮੂਡ ਵਿਚ ਹੈ।

"ਦੀਦੀ, ਇਹਨੂੰ ਕੱਦੂ ਨਹੀਂ ਕਹਿੰਦੇ, ਹੈਲਦੀ ਕਹਿੰਦੇ ਨੇ।"

"ਅੱਛਾ, ਇਹਨੂੰ ਹੈਲਦੀ ਕਹਿੰਦੇ ਨੇ ਤਾਂ ਫਿਰ ਹੈਲਦੀ ਨੂੰ ਕੀ ਕਹਿੰਦੇ ਹੋਣਗੇ...।" ਇਸ ਵਾਰ ਦੋਹਾਂ ਦੇ ਹਾਸੇ ਨਾਲ ਰਸੋਈ ਗੂੰਜਣ ਲੱਗ ਪਈ ਸੀ।

"ਪਰਸੋਂ ਇਹਨੂੰ ਯਾਦ ਕਰਕੇ ਪੁੱਛਣਾ ਹੈ ਕਿ ਕਿਹੜੀ ਚੱਕੀ ਦਾ ਆਟਾ ਖਾਂਦਾ ਹੈ!" ਹੱਸਦੇ ਹੋਏ ਸ਼ਿਆਮਲੀ ਤੋਂ ਗੱਲ ਨਹੀਂ ਕੀਤੀ ਜਾ ਰਹੀ ਸੀ। ਰੋਮਾ ਦੀਆਂ ਅੱਖਾਂ ਵਿੱਚ ਹੱਸਣ ਨਾਲ ਪਾਣੀ ਆ ਗਿਆ ਸੀ। ਮਾਂ ਕਦੇ ਦੋਹਾਂ ਨੂੰ ਰੋਕਦੀ ਤੇ ਕਦੇ ਦੋਹਾਂ ਨਾਲ ਹੱਸ ਪੈਂਦੀ। ਗੱਲਾਂ-ਗੱਲਾਂ ਵਿੱਚ ਰਾਤ ਦਾ ਖਾਣਾ ਤਿਆਰ ਹੋ ਗਿਆ ਸੀ। ਸ਼ਿਆਮਲੀ ਤੇ ਰੋਮਾ ਨੇ ਡਾਈਨਿੰਗ ਟੇਬਲ ਤੇ ਖਾਣਾ ਲਾ ਦਿੱਤਾ। ਬਾਰਿਸ਼ ਤੇਜ਼ ਸੀ ਅਤੇ ਰਾਤ ਦੇ ਅੱਠ ਵਜੇ ਬਿਜਲੀ ਦਾ ਕੱਟ ਆਪਣੇ ਸਮੇਂ ਤੇ ਲੱਗ ਗਿਆ ਸੀ। ਬਿਜਲੀ ਦੇ ਕੱਟ ਜੰਮੂ ਵਿੱਚ ਇੱਕ ਆਮ ਸਮੱਸਿਆ ਹੈ।

"ਅਸੀਂ ਆਪਣੇ ਸਮੇਂ ਤੋਂ ਇੱਧਰ-ਉੱਧਰ ਹੋ ਸਕਦੇ ਹਾਂ, ਪਰ ਇਹ ਬਿਜਲੀ ਦਾ ਕੱਟ ਬਿਨਾਂ ਸਮਾਂ ਗਵਾਏ ਠੀਕ ਸਮੇਂ ਤੇ ਲੱਗਦਾ ਹੈ।" ਪ੍ਰਮੋਦ ਲਾਲ ਨੇ ਡਾਈਨਿੰਗ ਟੇਬਲ ਦੀ ਚੇਅਰ ਸਿੱਧੀ ਕਰਦਿਆਂ ਕਿਹਾ। ਸਾਰਾ ਪਰਿਵਾਰ ਇਕੱਠੇ ਖਾਣਾ ਖਾਂਦਾ ਹੋਇਆ ਸ਼ਿਆਮਲੀ ਦੀ ਸ਼ਾਦੀ ਤੇ ਆਪਣੀ ਰਾਏ ਰੱਖ ਰਿਹਾ ਸੀ। ਮੋਕਸ਼ ਖਾਣਾ ਖਾਣ ਪਿੱਛੋਂ ਆਪਣੇ ਮਾਤਾ-ਪਿਤਾ ਨਾਲ ਡਾਈਨਿੰਗ ਟੇਬਲ ਦੀ ਚੇਅਰ ਤੇ ਬੈਠ ਕੇ ਗੱਲਾਂ ਕਰ ਰਿਹਾ ਸੀ। ਸ਼ਿਆਮਲੀ ਅਤੇ ਰੋਮਾ ਵੀ ਰਸੋਈ ਦਾ ਕੰਮ ਮੁਕਾ ਕੇ ਸਾਰਿਆਂ ਨਾਲ ਗੱਲਾਂ ਕਰਨ ਲੱਗੀਆਂ। ਰਾਤ ਦੇ ਖਾਣੇ ਪਿੱਛੋਂ ਪੂਰਾ ਪਰਿਵਾਰ ਕੁਝ ਚਿਰ ਜ਼ਰੂਰ ਬੈਠਦਾ। ਸਾਰੇ ਦਿਨ ਦੀਆਂ ਗੱਲਾਂ ਹੁੰਦੀਆਂ।

"ਚਲੋ, ਹੁਣ ਸਾਰੇ ਸੌਂ ਜਾਓ। ਕਾਫ਼ੀ ਰਾਤ ਬੀਤ ਗਈ ਹੈ।" ਰੋਮਾ ਦੀਆਂ ਅੱਖਾਂ ਵਿੱਚ ਨੀਂਦ ਵੇਖ ਕੇ ਵਿਮਲਾ ਨੇ ਕਿਹਾ।

ਮਾਂ ਦੀ ਗੱਲ ਸੁਣਦਿਆਂ ਹੀ ਸਭ ਨੇ ਆਪੋ -ਆਪਣੀਆਂ ਕੁਰਸੀਆਂ ਛੱਡੀਆਂ ਅਤੇ ਆਪੋ-ਆਪਣੇ ਕਮਰੇ ਵਿੱਚ ਜਾਣ ਲੱਗੇ।

ਆਸਮਾਨ ਸਾਫ ਹੋ ਚੁੱਕਾ ਸੀ। ਤਾਰਿਆਂ ਭਰਿਆ ਅਸਮਾਨ ਚਮਕ ਰਿਹਾ ਸੀ। ਭਾਰੀ ਬਾਰਿਸ਼ ਪਿੱਛੋਂ ਮੌਸਮ ਵਿੱਚ ਠੰਡਕ ਸੀ। ਜੰਮੂ ਦੀਆਂ ਛੋਟੀਆਂ-ਛੋਟੀਆਂ ਪਹਾੜੀਆਂ ਦੀ ਹਵਾ ਨੇ ਗਰਮੀ ਨੂੰ ਦੂਰ ਭਜਾ ਦਿੱਤਾ ਸੀ।

ਸ਼ਿਆਮਲੀ ਰੋਜ਼ ਵਾਂਗ ਕੁਝ ਚਿਰ ਕਿਤਾਬਾਂ ਨਾਲ ਮੁਲਾਕਾਤ ਕਰ ਰਹੀ ਸੀ। ਇਕੱਲਤਾ ਨੂੰ ਵੰਡਾਉਣ ਲਈ ਸਭ ਨੂੰ ਕੋਈ ਨਾ ਕੋਈ ਚਾਹੀਦਾ ਹੈ। ਸ਼ਿਆਮਲੀ ਨੇ ਆਪਣੀ ਇਕੱਲਤਾ ਕਿਤਾਬਾਂ ਨਾਲ ਵੰਡ ਲਈ ਸੀ। ਅਕਸਰ ਕਿਤਾਬਾਂ ਪੜ੍ਹਦਿਆਂ ਹੋਇਆਂ ਉਹ ਸੌਂ ਜਾਂਦੀ ਅਤੇ ਮਾਂ ਉਹਦੇ ਸੌਣ ਪਿੱਛੋਂ ਕਮਰੇ ਦੀ ਲਾਈਟ ਬੰਦ ਕਰ ਦਿੰਦੀ। ਮਾਂ ਨੂੰ ਕਿੱਥੇ ਨੀਂਦ ਆਉਂਦੀ ਹੈ, ਆਪਣੇ ਬੱਚਿਆਂ ਨੂੰ ਜਾਗਦਿਆਂ ਵੇਖ ਕੇ! ਵਿਮਲਾ ਦੇਵੀ ਵੀ ਤਾਂ ਮਾਂ ਸੀ। ਅਜਿਹੀ ਮਾਂ, ਜਿਹਨੂੰ ਬੇਟੀ ਦੀ ਸ਼ਾਦੀ ਦੀ ਚਿੰਤਾ ਸੀ।

ਸਵੇਰ ਹਰ ਘਰ ਦੀ ਹੀ ਬਹੁਤ ਰੁਝੇਵੇਂ ਭਰੀ ਹੁੰਦੀ ਹੈ। ਪ੍ਰਮੋਦ ਲਾਲ ਦੇ ਘਰ ਦੀ ਸਵੇਰ ਵੀ ਭੱਜ-ਦੌੜ ਵਾਲੀ ਸੀ। ਮੋਕਸ਼ ਅਤੇ ਸ਼ਿਆਮਲੀ ਦੇ ਜਾਣ ਪਿੱਛੋਂ ਹੀ ਭੱਜ-ਦੌੜ ਕੁਝ ਘਟਦੀ ਸੀ। ਪ੍ਰਮੋਦ ਲਾਲ ਤਾਂ ਸੈਨਾ ਤੋਂ ਸੇਵਾਮੁਕਤ ਸੂਬੇਦਾਰ ਸਨ, ਇਸ ਲਈ ਵਿਮਲਾ ਦੇ ਨਾਲ ਘਰ ਦੇ ਕੰਮ ਵਿੱਚ ਰੁੱਝੇ ਰਹਿੰਦੇ। ਰੋਮਾ ਆਪਣੇ ਲਈ ਨੌਕਰੀ ਲੱਭ ਰਹੀ ਸੀ। ਮੱਧਵਰਗੀ ਇਹ ਪਰਿਵਾਰ ਆਪਣੀ ਖੁੱਲ੍ਹੀ ਸੋਚ ਨਾਲ ਖ਼ੁਸ਼ ਸੀ। ਦਿਨ ਬੀਤ ਗਿਆ ਸੀ। ਰਾਤ ਦਾ ਖਾਣਾ ਖਾਣ ਪਿੱਛੋਂ ਕੁਝ ਚਿਰ ਇਕੱਠੇ ਬੈਠਣ ਪਿੱਛੋਂ ਸਾਰੇ ਆਪੋ-ਆਪਣੇ ਕਮਰਿਆਂ ਵਿੱਚ ਚਲੇ ਗਏ ਸਨ। ਵਿਮਲਾ ਦੀਆਂ ਅੱਖਾਂ ਵਿੱਚ ਨੀਂਦ ਨਹੀਂ ਸੀ। ਸਾਰੀ ਰਾਤ ਕਦੇ ਮੰਤਰ ਦਾ ਜਾਪ ਕਰਦੀ ਰਹੀ ਤੇ ਕਦੇ ਕਮਰੇ ਤੋਂ ਰਸੋਈ ਦਾ ਸਫਰ। 'ਬਿਨਾਂ ਕਿਸੇ ਰੁਕਾਵਟ ਤੋਂ ਬੇਟੀ ਦਾ ਰਿਸ਼ਤਾ ਹੋ ਜਾਵੇ, ਬਸ ਹੋਰ ਕੁਝ ਨਹੀਂ ਮੰਗਦੀ' ਕਿੰਨੀ ਵਾਰੀ ਮੂੰਹ ਵਿੱਚ ਕਿਹਾ ਸੀ ਉਸ ਨੇ।

ਸਵੇਰ ਹੋ ਚੁੱਕੀ ਸੀ। ਬਾਰਿਸ਼ ਜ਼ੋਰਾਂ ਤੇ ਸੀ। ਤਵੀ ਦਾ ਪਾਣੀ ਪੂਰੇ ਵੇਗ ਵਿੱਚ ਸੀ। ਮਹਿਮਾਨਾਂ ਦੇ ਸਵਾਗਤ ਦੀਆਂ ਤਿਆਰੀਆਂ ਹੋ ਰਹੀਆਂ ਸਨ। ਸ਼ਿਆਮਲੀ ਨੇ ਆਪਣੇ ਕਮਰੇ ਵਿਚ ਰੰਗ-ਬਿਰੰਗੇ ਕੱਪੜੇ ਖਿਲਾਰੇ ਹੋਏ ਸਨ। ਕੋਈ ਉਹਨੂੰ ਪਸੰਦ ਕਰੇ ਜਾਂ ਨਾ ਕਰੇ, ਪਹਿਲੀ ਪਸੰਦ ਸ਼ਿਆਮਲੀ ਆਪ ਸੀ। ਰੋਮਾ ਵਾਰ-ਵਾਰ ਸ਼ਿਆਮਲੀ ਕੋਲ ਆ ਕੇ ਕੱਦੂ ਬੋਲ ਜਾਂਦੀ ਅਤੇ ਮਾਹੌਲ ਖ਼ੁਸ਼ਨੁਮਾ ਹੋ ਜਾਂਦਾ।
ਮੁੰਡਾ ਆਪਣੇ ਮਾਤਾ-ਪਿਤਾ ਨਾਲ ਆ ਗਿਆ ਸੀ। ਬਾਰਿਸ਼ ਰੁਕ ਚੁੱਕੀ ਸੀ। ਅਗਸਤ ਦਾ ਹਰਾ ਘਾਹ ਬਾਰਿਸ਼ ਵਿਚ ਨਹਾ ਕੇ ਜਵਾਨਾਂ ਵਾਂਗ ਚਮਕ ਰਿਹਾ ਸੀ। ਗੁੜਹਲ, ਮੋਗਰੇ ਅਤੇ ਮੌਸਮੀ ਫੁੱਲ ਵਿਹੜੇ ਦੀ ਸ਼ੋਭਾ ਵਧਾ ਰਹੇ ਸਨ।

ਦੋਵੇਂ ਪਰਿਵਾਰ ਆਪਸ ਵਿਚ ਬੈਠ ਕੇ ਗੱਲਬਾਤ ਕਰ ਰਹੇ ਸਨ। ਜਿਉਂ ਹੀ ਸ਼ਿਆਮਲੀ ਰੋਮਾ ਨਾਲ ਡਰਾਇੰਗ ਰੂਮ ਵਿੱਚ ਆਈ, ਸਾਰੇ ਚੁੱਪ ਹੋ ਗਏ। ਮੁੰਡੇ ਦੀ ਨਜ਼ਰ ਸ਼ਿਆਮਲੀ ਤੇ ਠਹਿਰ ਗਈ। ਸ਼ਿਆਮਲੀ ਨੇ ਚਿੱਟੇ ਰੰਗ ਦੇ ਚੂੜੀਦਾਰ ਸੂਟ ਨਾਲ ਸਿਲਕ ਦਾ ਲਾਲ ਪ੍ਰਿੰਟਿਡ ਦੁਪੱਟਾ ਮੋਢਿਆਂ ਤੇ ਲਿਆ ਹੋਇਆ ਸੀ, ਜਿਸ ਵਿਚ ਸ਼ਿਆਮਲੀ ਬਹੁਤ ਆਕਰਸ਼ਕ ਲੱਗ ਰਹੀ ਸੀ। ਕੰਨਾਂ ਵਿੱਚ ਚਾਂਦੀ ਦੇ ਲਾਲ ਮੋਤੀ ਦੇ ਡੋਗਰੀ ਝੁਮਕੇ ਉਹਦੇ ਹੁਸਨ ਨੂੰ ਵਧਾ ਰਹੇ ਸਨ। ਮੁੰਡੇ ਦੇ ਮਾਤਾ-ਪਿਤਾ ਨੇ ਸ਼ਿਆਮਲੀ ਨਾਲ ਗੱਲਾਂ ਕੀਤੀਆਂ ਅਤੇ ਦੋਵੇਂ ਪਰਿਵਾਰਾਂ ਦੇ ਲੋਕ ਹੌਲੀ-ਹੌਲੀ ਡਰਾਇੰਗ ਰੂਮ ਵਿੱਚੋਂ ਬਾਹਰ ਜਾਣ ਲੱਗੇ।

ਹੁਣ ਡਰਾਇੰਗ ਰੂਮ ਵਿੱਚ ਦੋ ਅਜਨਬੀ ਸਨ, ਜਿਨ੍ਹਾਂ ਨੇ ਕੁਝ ਸਮੇਂ ਵਿੱਚ ਇੱਕ-ਦੂਜੇ ਨਾਲ ਗੱਲਬਾਤ ਕਰ ਕੇ ਜੀਵਨ-ਭਰ ਲਈ ਇੱਕ ਦੂਜੇ ਦੇ ਹੋਣ ਦਾ ਫ਼ੈਸਲਾ ਕਰਨਾ ਸੀ।

"ਮੇਰਾ ਨਾਂ ਆਦਿ ਹੈ ਅਤੇ ਬੈਂਕ ਵਿਚ ਪੀਓ ਹਾਂ।"

ਸ਼ਿਆਮਲੀ ਚੁੱਪ ਸੀ, ਬਿਲਕੁਲ ਸ਼ਾਂਤ।

"ਤੁਸੀਂ ਬੜੇ ਸੁੰਦਰ ਦਿਸ ਰਹੇ ਹੋ।"

"ਥੈਂਕ ਯੂ।"

"ਥੈਂਕ ਗੌਡ! ਕੁਝ ਤਾਂ ਬੋਲੇ ਤੁਸੀਂ! ਮੈਥੋਂ ਕੁਝ ਪੁੱਛਣਾ ਹੈ ਤਾਂ ਪੁੱਛ ਸਕਦੇ ਹੋ।"

"ਕੀ ਪੁੱਛਾਂ, ਮੈਂ ਤਾਂ ਕੁਝ ਵੀ ਨਹੀਂ ਸੋਚਿਆ ਸੀ।"

"ਆਪਣੀਆਂ ਹੌਬੀਜ਼ ਬਾਰੇ ਦੱਸ ਦਿਓ, ਕੀ ਕਰਨਾ ਚੰਗਾ ਲੱਗਦਾ ਹੈ?"

"ਮੈਨੂੰ ਘੁੰਮਣਾ ਬੜਾ ਪਸੰਦ ਹੈ ਅਤੇ ਕਿਤਾਬਾਂ ਪੜ੍ਹਨਾ... ਅਤੇ ਵਿਹਲ ਵਿੱਚ ਬਾਗਬਾਨੀ ਕਰ ਲੈਂਦੀ ਹਾਂ।"

ਹੌਲੀ-ਹੌਲੀ ਆਦਿ ਅਤੇ ਸ਼ਿਆਮਲੀ ਦੀਆਂ ਗੱਲਾਂ ਵਧ ਰਹੀਆਂ ਸਨ। ਸ਼ਿਆਮਲੀ ਵੀ ਹੁਣ ਆਦਿ ਨੂੰ ਉਹਦੀ ਪਸੰਦ- ਨਾਪਸੰਦ ਪੁੱਛ ਰਹੀ ਸੀ। ਅੱਧੇ ਘੰਟੇ ਪਿੱਛੋਂ ਆਦਿ ਦੇ ਮਾਤਾ-ਪਿਤਾ ਕਮਰੇ ਵਿੱਚ ਆ

ਗਏ। ਸ਼ਿਆਮਲੀ ਉਨ੍ਹਾਂ ਨੂੰ ਆਉਂਦੇ ਵੇਖ ਕੇ ਚੁੱਪ ਹੋ ਗਈ। ਆਦਿ ਨੇ ਆਪਣੇ ਪੇਰੈਂਟਸ ਨੂੰ ਇਸ਼ਾਰੇ ਨਾਲ ਹਾਂ ਕਹਿ ਦਿੱਤੀ ਸੀ।

ਆਦਿ ਦਰਮਿਆਨੇ ਕੱਦ, ਭਰੇ ਹੋਏ ਸਰੀਰ ਦਾ ਮੁੰਡਾ ਸੀ। ਜਦਕਿ ਸ਼ਿਆਮਲੀ ਦੁਬਲੀ-ਪਤਲੀ ਜਿਹੀ ਆਕਰਸ਼ਕ ਸ਼ਖ਼ਸੀਅਤ ਵਾਲੀ ਲੜਕੀ ਸੀ। ਇਕ ਹੀ ਨਜ਼ਰ ਵਿੱਚ ਉਹ ਸਭ ਨੂੰ ਪਸੰਦ ਆ ਗਈ ਸੀ। ਆਦਿ ਦੀ ਵੀ ਕੁੰਡਲੀ ਮੈਚ ਨਹੀਂ ਹੁੰਦੀ ਸੀ। ਜੇ ਕਿਤੇ ਹੋ ਜਾਂਦੀ ਤਾਂ ਕੁੜੀ ਪਸੰਦ ਨਹੀਂ ਆਉਂਦੀ ਸੀ। ਸ਼ਿਆਮਲੀ ਨੂੰ ਵੇਖ ਕੇ ਇਉਂ ਲੱਗਿਆ ਕਿ ਜਿਹੋ ਜਿਹੀ ਕੁੜੀ ਉਹਦੀ ਹਮਸਫ਼ਰ ਬਣਨ ਲਈ ਚਾਹੀਦੀ ਸੀ, ਉਹ ਬਿਲਕੁਲ ਉਹੋ ਜਿਹੀ ਹੀ ਹੈ।

ਦੋਵੇਂ ਪਰਿਵਾਰ ਖ਼ੁਸ਼ ਸਨ। ਸ਼ਿਆਮਲੀ ਨੇ ਵੀ ਕੱਦੂ ਲਈ ਹਾਂ ਕਹਿ ਦਿੱਤੀ ਸੀ। ਸਾਡੇ ਸਮਾਜ ਵਿਚ ਉਮਰ ਰਹਿੰਦਿਆਂ ਕੁੜੀਆਂ ਦੀ ਹਾਂ ਨੂੰ ਕੋਈ ਨਹੀਂ ਪੁੱਛਦਾ ਅਤੇ ਜਦੋਂ ਗੱਲ ਬੱਤੀ ਸਾਲ ਦੀ ਕੁੜੀ ਦੀ ਹੋ ਰਹੀ ਹੋਵੇ, ਤਾਂ ਕੌਣ ਪੁੱਛੇਗਾ! ਬੇਸ਼ਕ ਉਹ ਕੰਮਕਾਜੀ ਹੀ ਹੋਵੇ! ਮੁੰਡੇ ਦੀ ਹਾਂ ਨੂੰ ਹੀ ਕੁੜੀ ਦੀ ਹਾਂ ਸਮਝ ਲਿਆ ਜਾਂਦਾ ਹੈ ਅਤੇ ਵਧੇਰੇ ਕਰਕੇ ਕੁੜੀਆਂ ਵੀ ਇਸ ਹਾਂ ਨੂੰ ਸਵੀਕਾਰ ਕਰਕੇ ਖ਼ੁਸ਼ ਹੋ ਜਾਂਦੀਆਂ ਹਨ।

ਮੁੰਡੇ ਵਾਲੇ ਜਾ ਚੁੱਕੇ ਸਨ। ਦਿਨ ਭਰ ਦੇ ਰੁਝੇਵੇਂ ਨਾਲ ਸਾਰੇ ਜਣੇ ਥੱਕ ਚੁੱਕੇ ਸਨ। ਰਾਤ ਦਾ ਖਾਣਾ ਖਾ ਕੇ ਸਾਰੇ ਆਪੋ-ਆਪਣੇ ਕਮਰਿਆਂ ਵਿੱਚ ਸੌਣ ਲਈ ਜਾ ਚੁੱਕੇ ਸਨ। ਵਿਮਲਾ ਸ਼ਿਆਮਲੀ ਦੇ ਕਮਰੇ ਵਿੱਚ ਸੀ।

"ਸ਼ਿਆਮਲੀ, ਤੂੰ ਖੁਸ਼ ਤਾਂ ਹੈਂ ਨਾ!"

"ਹਾਂ ਮਾਂ, ਮੈਂ ਖੁਸ਼ ਹਾਂ। ਮੈਨੂੰ ਕੀ ਹੋਣਾ ਹੈ!"

"ਮੇਰੇ ਕਹਿਣ ਦਾ ਮਤਲਬ ਹੈ ਕਿ ਮੁੰਡਾ ਕਿਹੋ ਜਿਹਾ ਲੱਗਿਆ ਤੈਨੂੰ?"

"ਠੀਕ ਸੀ, ਜਿਵੇਂ ਹਰ ਕੋਈ ਪਹਿਲੀ ਮੁਲਾਕਾਤ ਵਿੱਚ ਹੁੰਦਾ ਹੈ।"

"ਉਮਰ ਦਾ ਸਬੰਧ ਹੈ ਬੇਟਾ! ਤੇਰੀ ਖ਼ੁਸ਼ੀ ਵੀ ਜ਼ਰੂਰੀ ਹੈ।" ਵਿਮਲਾ ਨੇ ਸ਼ਿਆਮਲੀ ਦਾ ਸਿਰ ਪਲੋਸਦਿਆਂ ਕਿਹਾ।

"ਸਾਡੇ ਸਮਾਜ ਵਿੱਚ ਸ਼ਾਦੀ ਜ਼ਰੂਰੀ ਹੈ ਮਾਂ, ਖੁਸ਼ ਰਹਿਣਾ ਇੰਨਾਂ ਜ਼ਰੂਰੀ ਨਹੀਂ।" ਸ਼ਿਆਮਲੀ ਮਾਂ ਦੀ ਗੋਦ ਵਿਚ ਸਿਰ ਰੱਖ ਕੇ ਲੇਟ ਗਈ ਸੀ। ਇਸ ਉਮਰ ਤਕ ਪਹੁੰਚਦਿਆਂ ਸ਼ਿਆਮਲੀ ਵੀ ਥੱਕ ਚੁੱਕੀ ਸੀ, ਰੋਜ਼ ਦੇ ਵੇਖਣ-ਵਿਖਾਉਣ ਨਾਲ। ਕੁੰਡਲੀ ਨਾ ਮਿਲਣ ਨਾਲ ਪੂਰੇ ਘਰ ਵਿੱਚ ਤਣਾਅ ਦਾ ਮਾਹੌਲ ਹੋ ਜਾਂਦਾ ਸੀ। ਅੱਜ ਸਾਰੇ ਖ਼ੁਸ਼ ਸਨ ਅਤੇ ਹਰ ਮੱਧਵਰਗੀ ਘਰ ਦੀ ਬੇਟੀ ਵਾਂਗ ਸ਼ਿਆਮਲੀ ਵੀ ਆਪਣੇ ਪਰਿਵਾਰ ਦੀ ਖ਼ੁਸ਼ੀ ਵਿੱਚ ਖ਼ੁਸ਼ ਸੀ। ਗੱਲਾਂ ਕਰਦਿਆਂ ਮਾਂ-ਬੇਟੀ ਡੂੰਘੀ ਨੀਂਦ ਵਿੱਚ ਸਨ। ਵਿਮਲਾ ਦੇਵੀ ਤਾਂ ਜਿਵੇਂ ਕਿੰਨੇ ਦਿਨਾਂ ਪਿੱਛੋਂ ਚੈਨ ਦੀ ਨੀਂਦ ਸੁੱਤੀ ਹੋਵੇ!

ਐਤਵਾਰ ਦੀ ਸਵੇਰ ਚੜ੍ਹ ਆਈ ਸੀ ਪਰ ਸਾਰੇ ਜਣੇ ਸੁੱਤੇ ਪਏ ਸਨ। ਪ੍ਰਮੋਦ ਲਾਲ ਆਪਣੇ ਸਮੇਂ ਤੇ ਉੱਠ ਗਿਆ ਸੀ। ਹਰ ਐਤਵਾਰ ਨੂੰ ਚਾਹ ਅਤੇ ਬ੍ਰੇਕਫਾਸਟ ਬਣਾਉਣ ਦਾ ਕੰਮ ਪ੍ਰਮੋਦ ਲਾਲ ਅਤੇ ਮੋਕਸ਼ ਦਾ ਹੁੰਦਾ ਸੀ।

"ਉੱਠੋ ਸ੍ਰੀਮਤੀ ਜੀ, ਚਾਹ ਪੀਓ!" ਪ੍ਰਮੋਦ ਲਾਲ ਨੇ ਸ਼ਿਆਮਲੀ ਦੇ ਕਮਰੇ ਵਿਚ ਆਉਂਦੇ ਹੀ ਕਿਹਾ। ਵਿਮਲਾ ਦੇਵੀ ਪਤੀ ਦੀ ਆਵਾਜ਼ ਨਾਲ ਉੱਠ ਕੇ ਬਹਿ ਗਈ। ਸ਼ਿਆਮਲੀ ਲੇਟੀ ਹੋਈ ਸੀ, ਪਰ ਅੱਖਾਂ ਕਦੇ ਖੋਲ੍ਹਦੀ ਤੇ ਕਦੇ ਬੰਦ ਕਰਦੀ। ਪਰ ਸਵੇਰ ਦੀ ਚਾਹ ਦਾ ਲਾਲਚ ਸੌਣ ਵੀ ਨਹੀਂ ਦੇ ਰਿਹਾ ਸੀ। ਆਖਰਕਾਰ ਉੱਠ ਕੇ ਬਹਿ ਗਈ ਅਤੇ ਚਾਹ ਪੀਣ ਲੱਗੀ। ਮੋਕਸ਼ ਅਤੇ ਰੋਮਾ ਵੀ ਸ਼ਿਆਮਲੀ ਦੇ ਕਮਰੇ ਵਿੱਚ ਹੀ ਚਾਹ ਲੈ ਕੇ ਆ ਗਏ ਸਨ। ਮੋਕਸ਼ ਕਦੇ ਸ਼ਿਆਮਲੀ ਨੂੰ ਆਦਿ ਦੇ ਨਾਂ ਨਾਲ ਚਿੜਾਉਂਦਾ ਤੇ ਕਦੇ ਸ਼ਿਆਮਲੀ ਦੇ ਮਨ ਦੀ ਜਾਣਨ ਦੀ ਕੋਸ਼ਿਸ਼ ਕਰਦਾ। ਕਮਰੇ ਵਿੱਚ ਪਰਿਵਾਰ ਦਾ ਹਾਸਾ ਗੂੰਜ ਰਿਹਾ ਸੀ। ਪ੍ਰਮੋਦ ਲਾਲ ਦੇ ਮੋਬਾਈਲ ਨੇ ਸਭ ਨੂੰ ਸ਼ਾਂਤ ਕਰ ਦਿੱਤਾ। ਜੇਬ 'ਚੋਂ ਫੋਨ ਕੱਢ ਕੇ ਵੇਖਿਆ ਤਾਂ ਸ਼ਿਆਮਲੀ ਦੇ ਸਹੁਰਿਆਂ ਦਾ ਫੋਨ ਸੀ; ਪ੍ਰਮੋਦ ਨਾਲ ਫੋਨ ਤੇ ਗੱਲ ਕਰ ਰਿਹਾ ਸੀ ਅਤੇ ਸਾਰਾ ਪਰਿਵਾਰ ਕੋਲ ਬੈਠਾ ਸੁਣ ਰਿਹਾ ਸੀ। ਗੱਲਾਂ ਤੋਂ ਅੰਦਾਜ਼ਾ ਤਾਂ ਲੱਗ ਗਿਆ ਸੀ ਕਿ ਮਿਲਣ ਦੀ ਗੱਲ ਹੋ ਰਹੀ ਹੈ।

"ਆਦਿ ਮਿਲਣਾ ਚਾਹੁੰਦਾ ਹੈ ਸ਼ਿਆਮਲੀ ਨੂੰ!" ਪ੍ਰਮੋਦ ਲਾਲ ਨੇ ਫੋਨ ਰੱਖਦਿਆਂ ਕਿਹਾ। ਸਾਰਾ ਪਰਿਵਾਰ ਚੁੱਪ ਸੀ। ਮਿਲਣ ਲਈ ਬਾਗ਼-ਏ-ਬਾਹੂ ਨੂੰ ਚੁਣਿਆ ਗਿਆ ਸੀ। ਸ਼ਿਆਮਲੀ ਨੂੰ ਵੀ ਇਸ ਥਾਂ ਜਾਣਾ ਬੜਾ ਪਸੰਦ ਸੀ। ਬਹੂ ਦਾ ਕਿਲ੍ਹਾ ਜੰਮੂ ਦੀ ਸਭ ਤੋਂ ਪੁਰਾਣੀ ਇਮਾਰਤ ਹੈ। ਇਹ ਸ਼ਹਿਰ ਦੇ ਅੱਧੇ ਹਿੱਸੇ ਤੋਂ ਪੰਜ ਕਿਲੋਮੀਟਰ ਦੂਰ ਤਵੀ ਦਰਿਆ ਦੇ ਖੱਬੇ ਕੰਢੇ ਸਥਿਤ ਹੈ। ਖ਼ੂਬਸੂਰਤ ਝਰਨਿਆਂ, ਹਰੇ-ਭਰੇ ਬਾਗ ਅਤੇ ਫੁੱਲਾਂ ਨਾਲ ਭਰੇ ਇਸ ਕਿਲ੍ਹੇ ਦੀ ਸ਼ੋਭਾ ਵੇਖਦਿਆਂ ਹੀ ਬਣਦੀ ਹੈ! ਬਾਹੂ ਦੇ ਕਿਲ੍ਹੇ ਨੂੰ ਮਹਾਂਕਾਲੀ ਦੇ ਮੰਦਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਮੰਦਰ ਕਿਲ੍ਹੇ ਦੇ ਅੰਦਰ ਹੀ ਹੈ ਅਤੇ ਭਾਵੇ ਵਾਲੀ ਮਾਤਾ ਦੇ ਨਾਂ ਨਾਲ ਪ੍ਰਸਿੱਧ ਹੈ।

"ਠੀਕ ਹੈ ਨਾ, ਮਿਲਣ ਨੂੰ ਕਹਿ ਰਿਹਾ ਹੈ। ਇੱਕ ਦੂਜੇ ਨੂੰ ਜਾਣਨ ਦਾ ਮੌਕਾ ਮਿਲੇਗਾ।" ਸਭ ਨੂੰ ਚੁੱਪ ਵੇਖ ਕੇ ਮੋਕਸ਼ ਨੇ ਮਾਹੌਲ ਨੂੰ ਖ਼ੁਸ਼ਗਵਾਰ ਕਰਦਿਆਂ ਕਿਹਾ। ਸਾਰਿਆਂ ਨੇ ਮੋਕਸ਼ ਦੀ ਹਾਂ ਵਿੱਚ ਹਾਂ ਮਿਲਾਈ ਤੇ ਆਪੋ-ਆਪਣੇ ਕੰਮਾਂ ਵਿੱਚ ਰੁਝ ਗਏ। ਦੋ ਵੱਜ ਰਹੇ ਸਨ। ਸ਼ਿਆਮਲੀ ਤਿਆਰ ਹੋ ਰਹੀ ਸੀ। ਦੋਹਾਂ ਪਰਿਵਾਰਾਂ ਦੀ ਸਹਿਮਤੀ ਨਾਲ ਸ਼ਿਆਮਲੀ ਨੂੰ ਆਦਿ ਦਾ ਨੰਬਰ ਅਤੇ ਆਦਿ ਨੂੰ ਸ਼ਿਆਮਲੀ ਦਾ ਨੰਬਰ ਦੇ ਦਿੱਤਾ ਗਿਆ।

ਪੂਰੇ ਚਾਰ ਵੱਜ ਕੇ ਪੰਦਰਾਂ ਮਿੰਟ ਤੇ ਸ਼ਿਆਮਲੀ ਬਾਹੂ ਫੋਰਟ ਪਹੁੰਚ ਗਈ ਸੀ। ਆਦਿ ਬਾਹਰ ਹੀ ਉਡੀਕ ਰਿਹਾ ਸੀ। ਆਦਿ ਦੀ ਨਜ਼ਰ ਵਾਰ-ਵਾਰ ਸ਼ਿਆਮਲੀ ਤੇ ਜਾ ਕੇ ਠਹਿਰ ਜਾਂਦੀ। ਪੀਲੇ ਰੰਗ ਦੇ ਸਲਵਾਰ-ਸੂਟ ਅਤੇ ਖੁੱਲ੍ਹੇ ਵਾਲ੍ਹਾਂ ਵਿੱਚ ਸ਼ਿਆਮਲੀ ਬਹੁਤ ਖ਼ੂਬਸੂਰਤ ਲੱਗ ਰਹੀ ਸੀ। ਕੁਝ ਪਲਾਂ ਲਈ

ਆਦਿ ਨੂੰ ਸ਼ਿਆਮਲੀ ਦੇ ਸਾਹਵੇਂ ਬਾਹੂ ਫੋਰਟ ਦੀ ਖ਼ੂਬਸੂਰਤੀ ਫਿੱਕੀ ਲੱਗੀ। ਦੋਵੇਂ ਬਾਗ ਵਿੱਚ ਪਏ ਬੈਂਚ ਤੇ ਬਹਿ ਗਏ। ਕਿੰਨੇ ਲੋਕ ਬਾਗ ਦੀ ਸੁੰਦਰਤਾ ਦਾ ਆਨੰਦ ਮਾਣ ਰਹੇ ਸਨ। ਸ਼ਿਆਮਲੀ ਰੰਗ-ਬਰੰਗੇ ਫੁੱਲਾਂ ਵਿੱਚ ਗੁਆਚੀ ਹੋਈ ਸੀ।

"ਮੈਂ ਤੁਹਾਨੂੰ ਪਸੰਦ ਤਾਂ ਹਾਂ ਨਾ!" ਆਦਿ ਨੇ ਖ਼ਾਮੋਸ਼ੀ ਤੋੜਦਿਆਂ ਪੁੱਛਿਆ। ਸ਼ਿਆਮਲੀ ਨੇ ਹਾਂ ਵਿੱਚ ਸਿਰ ਹਿਲਾਇਆ ਅਤੇ ਫਿਰ ਫੁੱਲਾਂ ਦੀ ਕਤਾਰਾਂ ਵਿੱਚ ਗੁਆਚ ਗਈ।

"ਕੁਝ ਬੋਲੋਗੇ ਨਹੀਂ ਤੁਸੀਂ?"

"ਇਹ ਥਾਂ ਮੈਨੂੰ ਬਹੁਤ ਪਸੰਦ ਹੈ।"

"ਪਤਾ ਹੈ, ਖ਼ੂਬਸੂਰਤ ਲੋਕਾਂ ਨੂੰ ਖ਼ੂਬਸੂਰਤ ਥਾਂ ਹੀ ਪਸੰਦ ਹੁੰਦੀ ਹੈ। ਕਦੇ ਜੰਮੂ ਤੋਂ ਬਾਹਰ ਗਏ ਹੋ ਤੁਸੀਂ?"

"ਨਹੀਂ।"

"ਸ਼ਾਦੀ ਪਿੱਛੋਂ ਕਿੱਥੇ ਘੁੰਮਣਾ ਚਾਹੋਗੇ ਤੁਸੀਂ? ਸ਼ਿਆਮਲੀ ਨੇ ਸੁਣ ਕੇ ਅਣਸੁਣਿਆ ਕਰ ਦਿੱਤਾ। ਬਿਲਕੁਲ ਉਨ੍ਹਾਂ ਕੁੜੀਆਂ ਵਾਂਗ, ਜੋ ਅਜਿਹੇ ਸੁਆਲਾਂ ਦੇ ਜੁਆਬ ਦੇਣ ਵਿੱਚ ਸੰਕੋਚ ਕਰਦੀਆਂ ਹਨ।

"ਤੁਸੀਂ ਬੜੇ ਆਕਰਸ਼ਕ ਹੋ। ਕਾਲਜ ਵਿਚ ਕੋਈ... ਬੋਲਦੇ- ਬੋਲਦੇ ਆਦਿ ਚੁੱਪ ਹੋ ਗਿਆ।

"ਤੁਸੀਂ ਪੁੱਛੋ, ਜੋ ਵੀ ਪੁੱਛਣਾ ਹੈ, ਸੰਕੋਚ ਨਾ ਕਰੋ। ਸ਼ਿਆਮਲੀ ਨੇ ਆਦਿ ਨੂੰ ਚੁੱਪ ਹੁੰਦੇ ਵੇਖ ਕੇ ਕਿਹਾ।

"ਕੀ ਤੁਸੀਂ ਅਜੇ ਤੱਕ ਵਰਜਿਨ ਹੋ?" ਆਦਿ ਦੇ ਮੂੰਹੋਂ ਇਕਦਮ ਨਿਕਲ ਗਿਆ, ਜਿਵੇਂ ਇਸੇ ਸੁਆਲ ਲਈ ਉਹ ਸ਼ਿਆਮਲੀ ਨੂੰ ਮਿਲਣ ਲਈ ਵਿਆਕੁਲ ਸੀ। "ਸੌਰੀ, ਮੇਰੇ ਕਹਿਣ ਦਾ ਮਤਲਬ ਤੁਸੀਂ ਗਲਤ ਨਾ ਲੈਣਾ।"

"ਨਹੀਂ, ਤੁਹਾਨੂੰ ਹੱਕ ਹੈ ਪੁੱਛਣ ਦਾ।" ਸ਼ਿਆਮਲੀ ਨੇ ਸ਼ਰਮ, ਲੱਜਾ, ਸੰਕੋਚ, ਅਸਹਿਜਤਾ ਨੂੰ ਇੱਕ ਪਾਸੇ ਰੱਖ ਕੇ ਆਦਿ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਕਿਹਾ।

"ਨਹੀਂ ਸ਼ਿਆਮਲੀ, ਮੇਰਾ ਅਜਿਹਾ ਮਤਲਬ ਨਹੀਂ ਸੀ।"

"ਤੁਹਾਨੂੰ ਕੀ ਲੱਗਦਾ ਹੈ? ਮੈਂ ਵਰਜਿਨ ਹਾਂ ਕਿ ਨਹੀਂ?" ਸ਼ਿਆਮਲੀ ਨੇ ਆਦਿ ਨੂੰ ਟੋਕਦਿਆਂ ਕਿਹਾ।

"ਅਸੀਂ ਦੋਵੇਂ ਜ਼ਿੰਦਗੀ ਸ਼ੁਰੂ ਕਰ ਰਹੇ ਹਾਂ, ਇਸ ਲਈ ਇੱਕ- ਦੂਜੇ ਨੂੰ ਬਾਰੇ ਸਾਨੂੰ ਪਤਾ ਹੋਣਾ ਚਾਹੀਦਾ ਹੈ...।"

"ਅਤੇ ਜ਼ਿੰਦਗੀ ਸ਼ੁਰੂ ਕਰਨ ਤੋਂ ਪਹਿਲਾਂ ਮੈਨੂੰ ਮੇਰੀ ਵਰਜਿਨਿਟੀ ਦਾ ਸਰਟੀਫਿਕੇਟ ਵੀ ਤੁਹਾਨੂੰ ਦੇਣਾ ਚਾਹੀਦਾ ਹੈ। ਕਿਉਂਕਿ ਮੈਂ ਇੱਕ ਲੜਕੀ ਹਾਂ। ਹੈ ਨਾ!"

ਸ਼ਿਆਮਲੀ ਨੇ ਸਹਿਜਤਾ ਨਾਲ ਵਿਅੰਗ ਕਰਦਿਆਂ ਕਿਹਾ।

"ਸ਼ਿਆਮਲੀ, ਮੂਡ ਨਾ ਆਫ਼ ਕਰ। ਮੈਂ ਤੇਰਾ ਮਨ ਨਹੀਂ ਦੁਖਾਉਣਾ ਚਾਹੁੰਦਾ। ਸਿਰਫ਼ ਪਾਸਟ ਨੂੰ ਜਾਣਨਾ ਚਾਹੁੰਦਾ ਸਾਂ।"

"ਪਾਸਟ ਤਾਂ ਪਾਸਟ ਹੈ ਅਤੇ ਜੇ ਮੇਰਾ ਕੋਈ ਪਾਸਟ ਹੋਵੇਗਾ ਵੀ ਤਾਂ ਮੈਂ ਕਿਉਂ ਦੱਸਾਂ ਕਿਸੇ ਨੂੰ! ਤੁਹਾਡੇ ਬਾਰੇ ਮੈਂ ਕਿੰਨਾ ਕੁ ਜਾਣਦੀ ਹਾਂ ਅਜੇ!"

"ਮਤਲਬ, ਤੇਰਾ ਕੋਈ ਪਾਸਟ ਸੀ?"

"ਮੈਂ ਇਸ ਟੌਪਿਕ ਤੇ ਕੋਈ ਗੱਲ ਨਹੀਂ ਕਰਨਾ ਚਾਹੁੰਦੀ।" ਕਹਿ ਕੇ ਸ਼ਿਆਮਲੀ ਉੱਠ ਖੜ੍ਹੀ ਹੋਈ। ਬਾਗ ਦੇ ਸਾਰੇ ਫੁੱਲ ਮੁਰਝਾਏ ਹੋਏ ਪ੍ਰਤੀਤ ਹੋ ਰਹੇ ਸਨ। ਹਰਾ ਘਾਹ ਜਿਵੇਂ ਗਰਮੀ ਨਾਲ ਝੁਲਸ ਗਿਆ ਹੋਵੇ!

"ਸ਼ਿਆਮਲੀ..."

ਸ਼ਿਆਮਲੀ ਤੇ ਕੰਨਾਂ ਵਿੱਚ ਆਵਾਜ਼ ਪਈ ਤਾਂ ਉਹਨੇ ਮੁੜ ਕੇ ਵੇਖਿਆ, ਸਾਇਮਾ ਸੀ। ਸਾਇਮਾ ਆਪਣੇ ਦੋਸਤ ਦੇ ਪਰਿਵਾਰ ਨੂੰ ਬਾਹੂ ਫੋਰਟ ਵਿਖਾਉਣ ਲਿਆਈ ਸੀ।

"ਓ ਬਈ, ਤੂੰ ਇੱਥੇ?"

"ਹਾਂ, ਸੋਚਿਆ ਅੱਜ ਤੇਰਾ ਪਿੱਛਾ ਕੀਤਾ ਜਾਵੇ...।" ਗੱਲਾਂ ਕਰਦਿਆਂ ਦੋਵੇਂ ਸਹੇਲੀਆਂ ਹੱਸ ਪਈਆਂ। ਸਾਇਮਾ ਪੇਸ਼ੇ ਤੋਂ ਗਾਇਨਾਕਾਲੋਜਿਸਟ ਸੀ। ਜੰਮੂ ਵਿਚ ਉਹਦਾ ਆਪਣਾ ਕਲੀਨਿਕ ਸੀ।

"ਇਹ ਤੇਜਸ ਅਤੇ ਤੇਜਸ ਦੇ ਮਾਤਾ-ਪਿਤਾ।" ਤੇਜਸ ਨੇ ਸ਼ਿਆਮਲੀ ਨੂੰ ਅਪਲਕ ਵੇਖਦੇ ਹੀ ਹੈਲੋ ਕਿਹਾ। ਸ਼ਿਆਮਲੀ ਨੇ ਵੀ ਸਿਰ ਝੁਕਾ ਕੇ ਇਸ ਨਮਸਤੇ ਦਾ ਬੜੀ ਨਜ਼ਾਕਤ ਨਾਲ ਜਵਾਬ ਦਿੱਤਾ।

"ਇਨ੍ਹਾਂ ਨੂੰ ਮਿਲ ਸਾਇਮਾ, ਮਿਸਟਰ ਆਦਿ।" ਆਦਿ ਵੱਲ ਇਸ਼ਾਰਾ ਕਰਦਿਆਂ ਸ਼ਿਆਮਲੀ ਨੇ ਕਿਹਾ। ਆਦਿ ਨੇ ਅਣਮੰਨੇ ਢੰਗ ਨਾਲ ਹੈਲੋ ਕਿਹਾ।

"ਮੈਂ ਤੁਹਾਨੂੰ ਕਿਤੇ ਵੇਖਿਆ ਹੈ, ਮਿਸਟਰ ਆਦਿ!" ਦਿਮਾਗ਼ ਤੇ ਜ਼ੋਰ ਦਿੰਦਿਆਂ ਸਾਇਮਾ ਨੇ ਕਿਹਾ। ਪਰ ਆਦਿ ਨੇ ਕੋਈ ਵੀ ਜਵਾਬ ਨਾ ਦਿੱਤਾ। ਆਦਿ ਦੇ ਵਿਹਾਰ ਨੂੰ ਅਚਾਨਕ ਬਦਲਿਆ ਹੋਇਆ ਵੇਖ ਸ਼ਿਆਮਲੀ ਹੈਰਾਨ ਸੀ। ਕੁਝ ਚਿਰ ਗੱਲਬਾਤ ਕਰਨ ਪਿੱਛੋਂ ਸਾਇਮਾ ਤੇਜਸ ਅਤੇ ਉਹਦੇ ਮਾਤਾ-ਪਿਤਾ ਨਾਲ ਘਰ ਨੂੰ ਚਲੀ ਗਈ ਪਰ ਮਨ ਵਿੱਚ ਇੱਕ ਸਵਾਲ ਸੀ ਕਿ ਆਦਿ ਨੂੰ ਕਿੱਥੇ ਵੇਖਿਆ ਹੈ ਉਹਨੇ!

ਤੇਜਸ ਸਾਰੇ ਰਾਹ ਸਾਇਮਾ ਨੂੰ ਸ਼ਿਆਮਲੀ ਬਾਰੇ ਹੀ ਪੁੱਛਦਾ ਰਿਹਾ। ਸਾਇਮਾ ਸਮਝ ਚੁੱਕੀ ਸੀ ਕਿ ਤੇਜਸ ਨੂੰ ਸ਼ਿਆਮਲੀ ਪਸੰਦ ਆ ਗਈ ਹੈ।

ਸਾਰਿਆਂ ਦੇ ਜਾਣ ਪਿੱਛੋਂ ਆਦਿ ਸਹਿਜ ਸੀ। ਪਰ ਸ਼ਿਆਮਲੀ ਦੇ ਮਨ ਵਿੱਚ ਆਦਿ ਦਾ ਇੱਕੋ ਹੀ ਪ੍ਰਸ਼ਨ ਸੀ- 'ਕੀ ਤੁਸੀਂ ਵਰਜਿਨ ਹੋ?'

ਦਿਨ ਢਲ ਚੁੱਕਾ ਸੀ। ਰੰਗ-ਬਰੰਗੀਆਂ ਲਾਈਟਾਂ ਬਾਹੂ ਫੋਰਟ ਨੂੰ ਹੋਰ ਵੀ ਜ਼ਿਆਦਾ ਖ਼ੂਬਸੂਰਤ ਬਣਾ ਰਹੀਆਂ ਸਨ। ਰਾਤ ਦੀ ਰੌਸ਼ਨੀ ਵਿਚ ਫੁਹਾਰੇ ਬਾਗ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾ ਰਹੇ ਸਨ।

"ਚਲੋ ਕਿਸੇ ਰੈਸਟੋਰੈਂਟ ਵਿਚ ਕੌਫੀ ਪੀਂਦੇ ਹਾਂ...।" ਆਦਿ ਨੇ ਸ਼ਿਆਮਲੀ ਦਾ ਹੱਥ ਫੜਨ ਦੀ ਕੋਸ਼ਿਸ਼ ਕਰਦਿਆਂ ਕਿਹਾ।

"ਨਹੀ, ਬਹੁਤ ਦੇਰ ਹੋ ਗਈ ਹੈ। ਮੈਂ ਘਰ ਜਾਣਾ ਹੈ ਹੁਣ।" ਸ਼ਿਆਮਲੀ ਆਪਣਾ ਹੱਥ ਪਿੱਛੇ ਕਰਦਿਆਂ ਬੋਲੀ।

"ਮੈਂ ਛੱਡ ਦਿੰਦਾ ਹਾਂ ਘਰ ਤੁਹਾਨੂੰ! ...ਸੌਰੀ, ਮੈਨੂੰ ਅਜਿਹਾ ਕੋਈ ਸੁਆਲ ਨਹੀਂ ਪੁੱਛਣਾ ਚਾਹੀਦਾ ਸੀ ਤੁਹਾਨੂੰ।"

ਸ਼ਿਆਮਲੀ ਚੁੱਪ ਸੀ। ਮਨ ਵਿੱਚ ਸਿਰਫ਼ ਇਕੋ ਸੁਆਲ ਸੀ- ਵਰਜਿਨ ਹੋਣਾ ਕੀ ਹੈ? ਅਤੇ ਔਰਤ ਦਾ ਸ਼ਾਦੀ ਤੋਂ ਪਹਿਲਾਂ ਵਰਜਨ ਹੋਣਾ ਇੰਨਾਂ ਜ਼ਰੂਰੀ ਕਿਉਂ ਹੈ? ਆਦਮੀ ਹਰ ਪੱਖ ਤੋਂ ਦੁੱਧ ਧੋਤਾ ਕਿਉਂ ਹੈ?'

ਕੁਝ ਚਿਰ ਪਿੱਛੋਂ ਸ਼ਿਆਮਲੀ ਦਾ ਘਰ ਆ ਗਿਆ।

"ਸੌਰੀ।" ਸ਼ਿਆਮਲੀ ਨੂੰ ਘਰ ਜਾਂਦਿਆਂ ਵੇਖ ਆਦਿ ਨੇ ਫਿਰ ਤੋਂ ਮੁਆਫ਼ੀ ਮੰਗੀ ਸੀ। ਸ਼ਿਆਮਲੀ ਨੇ 'ਸੌਰੀ' ਸ਼ਬਦ ਸੁਣ ਕੇ ਕਿਹਾ- "ਕੁਝ ਗੱਲਾਂ ਲਈ 'ਸੌਰੀ' ਸ਼ਬਦ ਕਦੇ ਵੀ ਨਹੀਂ ਬਣਿਆ ਹੁੰਦਾ। ਅੱਜ ਜੇ ਮੈਂ ਤੁਹਾਡੀ 'ਸੌਰੀ' ਪ੍ਰਵਾਨ ਕਰ ਲਈ ਤਾਂ ਸਾਰੀ ਉਮਰ ਮੈਂ ਤੁਹਾਥੋਂ ਮੁਆਫ਼ੀ ਮੰਗਦੀ ਰਹਾਂਗੀ।"

ਆਦਿ ਸ਼ਿਆਮਲੀ ਦਾ ਇਸ਼ਾਰਾ ਸਮਝ ਗਿਆ ਸੀ। ਉਹਨੇ ਸ਼ਾਦੀ ਕਰ ਲਈ ਇਨਕਾਰ ਕਰ ਦਿੱਤਾ ਸੀ ਅਤੇ ਤੇਜ਼ ਕਦਮਾਂ ਨਾਲ ਘਰ ਦੇ ਅੰਦਰ ਚਲੀ ਗਈ ਸੀ। ਸੈਂਡਲ ਦੀ ਟਕ-ਟਕ ਦੀ ਆਵਾਜ਼ ਅਜੇ ਤੱਕ ਆਦਿ ਦੇ ਕੰਨਾਂ ਵਿੱਚ ਪੈ ਰਹੀ ਸੀ।

ਸ਼ਿਆਮਲੀ ਸਿੱਧੀ ਆਪਣੇ ਕਮਰੇ ਵਿੱਚ ਚਲੀ ਗਈ। ਪਿੱਛੇ- ਪਿੱਛੇ ਰੋਮਾ ਅਤੇ ਵਿਮਲਾ ਵੀ ਆ ਗਈਆਂ। ਸ਼ਿਆਮਲੀ ਦਾ ਚਿਹਰਾ ਸਭ ਕੁਝ ਕਹਿ ਰਿਹਾ ਸੀ, ਪਰ ਜ਼ੁਬਾਨ ਕੁਝ ਨਹੀਂ ਬੋਲ ਰਹੀ ਸੀ।

"ਮੈਂ ਸ਼ਾਦੀ ਨਹੀਂ ਕਰ ਸਕਦੀ ਮਾਂ।"

"ਕੀ ਹੋਇਆ? ਕਿਉਂ ਇੰਨੀ ਪ੍ਰੇਸ਼ਾਨ ਹੈਂ?" ਕੁੰਡਲੀ ਮਿਲੀ ਹੈ ਤੇਰੀ ਬੜੀ ਮੁਸ਼ਕਲ ਨਾਲ, ਤੇ ਤੂੰ...।"

"ਵਿਚਾਰ ਮਿਲਣ ਜਾਂ ਨਾ, ਪਰ ਕੁੰਡਲੀ ਮਿਲਣੀ ਚਾਹੀਦੀ ਹੈ।" ਮਾਂ ਨੂੰ ਵਿੱਚੋਂ ਹੀ ਟੋਕਦਿਆਂ ਸ਼ਿਆਮਲੀ ਬੋਲੀ। ਉੱਚੀ ਆਵਾਜ਼ ਵਿੱਚ ਗੱਲ ਕਰਦਿਆਂ ਵੇਖ ਕੇ ਮੋਕਸ਼ ਵੀ ਸ਼ਿਆਮਲੀ ਦੇ ਕਮਰੇ ਵਿੱਚ ਆ ਗਿਆ ਅਤੇ ਉਹਨੇ ਮਾਂ ਅਤੇ ਰੋਮਾ ਨੂੰ ਕਮਰੇ ਤੋਂ ਬਾਹਰ ਭੇਜ ਦਿੱਤਾ। ਭਰਾ ਨੂੰ ਵੇਖ ਕੇ ਸ਼ਿਆਮਲੀ ਦੀਆਂ ਅੱਖਾਂ 'ਚੋਂ ਹੰਝੂ ਵਹਿ ਤੁਰੇ। ਰੋਣਾ ਕਿਸ ਗੱਲ ਤੇ ਆ ਰਿਹਾ ਸੀ! ਇਹ ਗੱਲ ਸ਼ਿਆਮਲੀ ਦੀ ਸਮਝ ਤੋਂ ਬਾਹਰ ਸੀ। ਮੋਕਸ਼ ਨੂੰ ਸਭ ਕੁਝ ਦੱਸ ਕੇ ਮਨ ਦਾ ਭਾਰ ਕੁਝ ਹਲਕਾ ਹੋ ਗਿਆ ਸੀ। ਮੋਕਸ਼ ਸਮਝ ਚੁੱਕਾ ਸੀ ਕਿ ਜਿੱਥੇ ਪਹਿਲਾਂ ਹੀ ਅਜਿਹੇ ਸੁਆਲ ਪੈਦਾ ਹੋ ਗਏ ਹੋਣ, ਉੱਥੇ ਰਿਸ਼ਤੇ ਦਾ ਵਜੂਦ ਨਹੀਂ ਹੋ ਸਕਦਾ। ਮੋਕਸ਼ ਦੇ ਜਾਣ ਪਿੱਛੋਂ ਸ਼ਿਆਮਲੀ ਨੇ ਪਰਸ 'ਚੋਂ ਫੋਨ ਕੱਢਿਆ ਤਾਂ ਵੇਖਿਆ ਕਿ ਆਦਿ ਨੇ

'ਸੌਰੀ' ਦੇ ਬਹੁਤ ਸਾਰੇ ਮੈਸੇਜ ਕੀਤੇ ਹੋਏ ਸਨ ਅਤੇ ਇਸੇ ਦੇ ਨਾਲ ਸਾਇਮਾ ਦੇ ਵੀ ਕੁਝ ਵਾਇਸ ਮੈਸੇਜ ਅਤੇ ਵੀਡੀਓ ਕਲਿਪਸ ਆਏ ਹੋਏ ਸਨ।

"ਹੈਲੋ ਸ਼ਿਆਮਲੀ, ਮੈਂ ਤੈਨੂੰ ਫੋਨ ਕੀਤਾ ਸੀ ਪਰ ਸ਼ਾਇਦ ਤੂੰ ਬਿਜ਼ੀ ਹੋਵੇਂ! ਕੁਝ ਜ਼ਰੂਰੀ ਗੱਲ ਕਰਨੀ ਸੀ। ਮੇਰੇ ਕਲੀਨਿਕ ਦੇ ਸੀਸੀਟੀਵੀ ਕੈਮਰੇ ਦੇ ਕੁਝ ਫੁਟੇਜ ਭੇਜ ਰਹੀ ਹਾਂ। ਇਨ੍ਹਾਂ 'ਚ ਜੋ ਲੜਕਾ ਹੈ, ਉਹ ਮੈਨੂੰ ਆਦਿ ਵਰਗਾ ਦਿਸ ਰਿਹਾ ਹੈ। ਤੂੰ ਇੱਕ ਵਾਰ ਜ਼ਰੂਰ ਵੇਖ ਲਵੀਂ।" ਸ਼ਿਆਮਲੀ ਨੇ ਸਾਰੇ ਫੁਟੇਜ ਨੂੰ ਕਈ ਵਾਰ ਵੇਖਿਆ। ਫੁਟੇਜ ਵਿੱਚ ਆਦਿ ਕਿਸੇ ਲੜਕੀ ਦੇ ਨਾਲ ਸੀ। ਸ਼ਿਆਮਲੀ ਨੇ ਸਾਰੇ ਫੁਟੇਜ ਮੋਕਸ਼ ਨੂੰ ਵੁੱਟਸਐਪ ਤੇ ਭੇਜ ਦਿੱਤੇ। ਮੋਕਸ਼ ਫੁਟੇਜ ਵੇਖਦੇ ਹੀ ਸ਼ਿਆਮਲੀ ਦੇ ਕਮਰੇ ਵਿੱਚ ਆ ਗਿਆ। ਦੋਵੇਂ ਭੈਣ-ਭਰਾ ਨੇ ਕਾਫ਼ੀ ਚਿਰ ਗੱਲਬਾਤ ਕੀਤੀ ਅਤੇ ਸ਼ਿਆਮਲੀ ਨੇ ਆਦਿ ਨੂੰ ਫੋਨ ਕਰਕੇ ਮਿਲਣ ਨੂੰ ਕਿਹਾ।

ਆਦਿ ਨੇ ਖੁਸ਼ੀ-ਖੁਸ਼ੀ ਮਿਲਣ ਲਈ ਅਗਲੇ ਦਿਨ ਸ਼ਾਮ ਦਾ ਸਮਾਂ ਤੈਅ ਕਰ ਕੀਤਾ। ਸ਼ਿਆਮਲੀ ਨਾ ਖੁਸ਼ ਸੀ ਨਾ ਦੁਖੀ। ਸਵਾਲ ਵਰਜਿਨਿਟੀ ਦਾ ਸੀ। ਕਿਸੇ ਦੀ ਤਾਂ ਵਰਜਿਨਿਟੀ ਗਈ ਸੀ ਅਤੇ ਸੁਆਲ ਵੀ ਉਹੀ ਆਦਮੀ ਕਰ ਰਿਹਾ ਸੀ ਜੀਹਦੇ ਕਾਰਨ ਕਿਸੇ ਦੀ ਵਰਜਿਨਿਟੀ ਗਈ ਸੀ। ਸ਼ਿਆਮਲੀ ਦੀ ਰਾਤ ਅੱਖਾਂ ਵਿੱਚ ਬੀਤੀ ਸੀ। ਕੁਝ ਪ੍ਰਸ਼ਨ ਅੰਦਰ ਤਕ ਪੀੜ ਦੇ ਜਾਂਦੇ ਹਨ, ਚਾਹੇ ਕੋਈ ਗੁਨਾਹਗਾਰ ਹੋਵੇ ਜਾਂ ਨਾ ਹੋਵੇ। ਦਿਨ ਬੜਾ ਭਾਰੀ ਸੀ। ਸ਼ਾਮ ਬੜੀ ਮੁਸ਼ਕਿਲ ਨਾਲ ਆਈ ਸੀ। ਸ਼ਿਆਮਲੀ ਸਮੇਂ ਤੋਂ ਪਹਿਲਾਂ ਹੀ ਰੈਸਟੋਰੈਂਟ ਵਿਚ ਪਹੁੰਚ ਗਈ ਸੀ।

"ਸੌਰੀ, ਮੈਂ ਲੇਟ ਹੋ ਗਿਆ ਅਤੇ ਥੈਂਕਯੂ ਮੈਨੂੰ ਮਾਫ ਕਰਨ ਲਈ।"

"ਮੈਂ ਕੁਝ ਵੁੱਟਸਐਪ ਕੀਤਾ ਹੈ ਤੁਹਾਨੂੰ। ਇੱਕ ਵਾਰ ਵੇਖ ਲਓ।" ਆਦਿ ਫੁਟੇਜ ਵੇਖਦੇ ਹੀ ਪ੍ਰੇਸ਼ਾਨ ਹੋ ਗਿਆ ਸੀ। ਕੁਝ ਨਹੀਂ ਬੋਲਿਆ ਜਾ ਰਿਹਾ ਸੀ ਉਸਤੋਂ।

"ਮੈਂ ਵਰਜਿਨ ਹਾਂ ਅਤੇ ਤੁਹਾਨੂੰ ਵੀ ਕੋਈ ਹੱਕ ਨਹੀਂ ਸੀ, ਇਉਂ ਕਿਸੇ ਨਾਲ ਖੇਡਣ ਦਾ, ਕਿਸੇ ਦੀ ਕੁੱਖ ਵਿੱਚ ਆਪਣਾ ਬੀਜ ਪਾਉਣ ਦਾ।" ਆਦਿ ਚੁੱਪ ਸੀ ਅਤੇ ਸ਼ਿਆਮਲੀ ਬੋਲੀ ਜਾ ਰਹੀ ਸੀ।

"ਅੰਨ੍ਹੇ ਨੂੰ ਸਾਰੀ ਦੁਨੀਆ ਅੰਨ੍ਹੀ ਹੀ ਲਗਦੀ ਹੈ। ਸ਼ਾਇਦ ਇਸੇ ਲਈ ਤੁਹਾਨੂੰ ਹਰ ਬੰਦਾ ਆਪਣੇ ਵਰਗਾ ਹੀ ਲੱਗਿਆ ਅਤੇ ਤੁਸੀਂ...।" ਬੋਲਦੀ-ਬੋਲਦੀ ਸ਼ਿਆਮਲੀ ਉੱਠ ਖੜ੍ਹੀ ਹੋਈ। ਆਦਿ ਆਪਣੇ ਕੱਲ੍ਹ ਦੀ ਕਾਲਖ ਨਾਲ ਕੁਰਸੀ ਵਿਚ ਧਸ ਚੁੱਕਾ ਸੀ।

"ਚੰਗਾ ਹੋਇਆ, ਤੁਹਾਡਾ ਇਹ ਰੂਪ ਮੈਨੂੰ ਸ਼ਾਦੀ ਤੋਂ ਪਹਿਲਾਂ ਹੀ ਦਿਸ ਗਿਆ। ਜੇ ਪਿੱਛੋਂ ਦਿਸਦਾ ਤਾਂ ਸ਼ਾਇਦ ਸਾਡੇ ਦੋਹਾਂ ਲਈ ਮੁਸ਼ਕਿਲ ਹੁੰਦੀ।"

ਸ਼ਿਆਮਲੀ ਜਾ ਚੁੱਕੀ ਸੀ ਪਰ ਆਦਿ ਬਹੁਤ ਪਿੱਛੇ, ਕਿਤੇ ਠਹਿਰ ਜਿਹਾ ਗਿਆ ਸੀ...।

*****